# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਕੰਪਲੈਕਸ, ਫੇਜ-3ਬੀ-1, ਸ.ਅ.ਸ. ਨਗਰ

(ਵੈਬਸਾਈਟ www.educationrecruitmentboard.com)

---

## ਜਨਤਕ ਨਿਯੁਕਤੀਆਂ

ਮੀਮੋ ਨੰ. ਈ-369149/ਤਸ(3)/2023/12911 ਮਿਤੀ: ਸ.ਅ.ਸ. ਨਗਰ:13/7/2023

ਪੰਜਾਬ ਸਿੱਖਿਆ ਵਿਭਾਗ ਵਲੋਂ ਸਕੂਲ ਸਿੱਖਿਆ ਵਿਭਾਗ ਅਧੀਨ 5994 ਈ.ਟੀ.ਟੀ. ਕਾਡਰ ਦੀਆਂ ਪੋਸਟਾਂ ਭਰਨ ਲਈ ਯੋਗ ਉਮੀਦਵਾਰਾਂ ਤੋਂ ਵੱਲੋਂ, ਵਿਭਾਗ www.educationrecruitmentboard.com ਤੇ ਆਨ ਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ ਜਿਹੜੇ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਸੀ, ਉਨਾਂ ਦਾ ਮਿਤੀ 05-03-2023 ਨੂੰ ਲਿਖਤੀ ਟੈਸਟ ਲਿਆ ਗਿਆ ਸੀ। ਜੋ ਉਮੀਦਵਾਰ ਉਕਤ ਭਰਤੀ ਦੀ ਲਿਖਤੀ ਪ੍ਰੀਖਿਆ ਵਿੱਚ ਹਾਜ਼ਰ ਹੋਏ ਹੋਣ ਅਤੇ ਵਿਗਿਆਪਨ ਅਨੁਸਾਰ ਨਿਰਧਾਰਿਤ ਵਿੱਦਿਅਕ ਯੋਗਤਾ ਰੱਖਦੇ ਹਨ, ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ, ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਕੰਪਲੈਕਸ, ਫੇਜ-3ਬੀ-1, ਸ.ਅ.ਸ. ਨਗਰ ਵਿਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।

ਬਿਨੈਕਾਰ ਨਿਰਧਾਰਿਤ ਸਡਿਊਲ ਅਨੁਸਾਰ **5994 ਈ.ਟੀ.ਟੀ. ਕਾਡਰ** ਦੇ ਦਸਤਾਵੇਜਾਂ ਦੀ ਸਕਰੂਟਨੀ ਤੇ ਆਉਣ ਸਮੇਂ ਨਾਲ ਨੱਥੀ ਅਨੁਸਾਰ ਸਕਰੂਟਨੀ ਫਾਰਮ ਭਰ ਕੇ ਲਿਆਉਣਗੇ ਅਤੇ ਹੇਠਾਂ ਦਰਸਾਏ ਸਰਟੀਫਿਕੇਟਾਂ ਦੀ ਸੈਲਫ ਅਟੈਸਟੈਡ ਕਾਪੀ ਨਾਲ ਲੈ ਕੇ ਆਉਣਗੇ। ਉਮੀਦਵਾਰ ਹੇਠਾਂ ਦਰਸਾਏ ਸਾਰੇ ਅਸਲ ਸਰਟੀਫਿਕੇਟ ਵੀ ਨਾਲ ਲੈ ਕੇ ਆਉਣਗੇ।

1. ਜਨਮ ਮਿਤੀ ਦੇ ਸਬੂਤ ਵਜੋਂ ਦਸਵੀਂ ਪਾਸ ਦਾ ਸਰਟੀਫਿਕੇਟ।
2. ਪੰਜਾਬੀ ਪਾਸ ਕਰਨ ਦਾ ਸਬੂਤ (ਦਸਵੀਂ ਜਮਾਤ ਜਾਂ ਉਚੇਰੀ ਪੱਧਰ ਤੇ)।
3. ETT/DELED ਜਾਂ ਕੋਈ ਹੋਰ Equivalent ਕੋਰਸ ਦਾ DMC/(ਡਿਗਰੀ)/ਸਨਦ।
4. ਬੀ.ਏ. ਭਾਗ 1, 2, 3 ਦੇ DMC ਅਤੇ ਡਿਗਰੀ।
5. ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ।
6. ਪੰਜਾਬ ਰਾਜ ਵਸਨੀਕ ਹੋਣ ਦਾ ਸਬੂਤ (ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਕਿਸੇ ਰਿਜਰਵ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ।
7. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ ਜਿਹੜੇ ਉਮੀਦਵਾਰਾਂ ਪੱਛੜੀ ਸ੍ਰੇਣੀ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ।
8. ਜੇਕਰ ਉਮੀਦਵਾਰਾਂ ਵੱਲੋਂ ਵੱਖ ਵੱਖ ਕੈਟਾਗਰੀਆਂ ਵਿੱਚ ਅਪਲਾਈ ਕੀਤਾ ਹੈ, ਤਾਂ ਉਹ ਹਰ ਕੈਟਾਗਰੀ ਨਾਲ ਸਬੰਧਤ ਵੱਖਰੀ ਵੱਖਰੀ ਫਾਈਲ ਤਿਆਰ ਕਰਕੇ ਸੰਬੰਧਿਤ ਕੈਟਾਗਰੀ ਦੀ ਸਕਰੂਟਨੀ ਵਾਲੇ ਦਿਨ ਲਿਆਉਣਗੇ।

ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਤੇ ਆਉਣ ਸਮੇਂ ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮਾਂ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਸਕਰੂਟਨੀ ਫਾਰਮ ਅਤੇ ਫਾਈਲ ਕਵਰ ਵਿੱਚ ਸਾਰੇ ਦਸਤਾਵੇਜ/ਸਰਟੀਫਿਕੇਟ ਦੀਆਂ ਤਸਦੀਕੀ ਫੋਟੋ ਕਾਪੀਆਂ ਉਕਤ ਦਰਸਾਈ ਤਰਤੀਬ ਅਨੁਸਾਰ

ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਅਤੇ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਨਾਲ ਲੈ ਕੇ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਸਕਰੂਟਨੀ ਦਾ ਸਡਿਊਲ ਹੇਠ ਅਨੁਸਾਰ ਹੈ :-

| Sr. No. | Category | Called Cut off | Date |
|---|---|---|---|
| 1 | OPEN | **144** ਜਾਂ 144 ਤੋਂ ਉਪਰ ਅੰਕਾਂ ਵਾਲੇ | 17-07-2023 |
| 2 | OPEN | 142 ਤੋਂ 138 ਅੰਕਾਂ ਤੱਕ | 18-07-2023 |
| 3 | OPEN | 136 ਤੋ 134 ਅੰਕਾਂ ਤੱਕ | 19-07-2023 |
| 4 | OPEN | 132 ਅਤੇ 130 ਅੰਕਾਂ ਵਾਲੇ ਜਨਮ ਸਾਲ 1997 ਤੋਂ ਪਹਿਲਾ ਵਾਲੇ | 20-07-2023 |
| 5 | OPEN | 130 ਅੰਕਾਂ ਵਾਲੇ ਜਨਮ ਸਾਲ 1997 ਤੋਂ ਬਾਅਦ ਵਾਲੇ ਅਤੇ 128 ਅੰਕਾਂ ਵਾਲੇ | 21-07-2023 |
| 6 | OPEN | **ਕੇਵਲ** 126 **ਅੰਕਾਂ ਵਾਲੇ** | 24-07-2023 |
| 7 | OPEN | **ਕੇਵਲ 124 ਅੰਕਾਂ ਵਾਲੇ** | 25-07-2023 |
| 8 | EWS | 122 ਤੋਂ 100 ਅੰਕਾਂ ਤੱਕ | 26-07-2023 |
| 9 | SC(M&B) | **122 ਤੋਂ 100 ਅੰਕਾਂ ਤੱਕ** | 27-07-2023 |
| 10 | SC(M&B) | **98 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ** | 28-07-2023 |
| 11 | SC(R&O) | 122 ਤੋਂ 118 ਅੰਕਾਂ ਤੱਕ | 31-07-2023 |
| 12 | SC(R&O) | 116 ਤੋਂ 114 ਅੰਕਾਂ ਤੱਕ | 01-08-2023 |
| 13 | BC | 122 ਤੋਂ 120 ਅੰਕਾਂ ਤੱਕ | 02-08-2023 |
| 14 | BC | **118 ਤੋਂ 116 ਅੰਕਾਂ ਤੱਕ** | 03-08-2023 |
| 15 | PH (ORTHO) | 122 ਤੋਂ 100 ਅੰਕਾਂ ਤੱਕ | 04-08-2023 |
| 16 | GENERAL(ESM) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 17 | SC(M&B)ESM | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 18 | SC(R&O)ESM | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 19 | BC(ESM) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 20 | GEN(SPORTS) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 21 | SC(M&B)SPORTS | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 22 | SC(R&O)SPORTS | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 23 | PH (VISUAL) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 24 | PH (HEARING) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 25 | PH (ID) | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |
| 26 | FREEDOM FIGHTER | 124 ਤੋਂ ਘੱਟ ਅੰਕਾਂ ਵਾਲੇ ਸਾਰੇ ਉਮੀਦਵਾਰ | |

ਨੋਟ:-

1. ਉਪਰੋਕਤ ਸਡਿਊਲ ਵਿੱਚ ਕਾਲਮ ਨੰ. 2 ਵਿੱਚ ਜੋ ਕੈਟਾਗਰੀ ਓਪਨ ਦਰਸਾਈ ਗਈ ਹੈ, ਉਸ ਵਿੱਚ ਸਾਰੀਆਂ ਕੈਟਾਗਰੀਆ ਦੇ ਉਮੀਦਵਾਰਾ ਸ਼ਾਮਿਲ ਹਨ। ਇਸ ਲਈ ਉਸ ਦਿਨ ਜਿਸ ਨੰ. ਤੱਕ ਉਮੀਦਵਾਰ ਬੁਲਾਏ ਗਏ ਉਸ ਨੰ. ਤੱਕ ਸਾਰੀਆਂ ਕੈਟਾਗਰੀਆ ਦੇ ਉਮੀਦਵਾਰ ਹਾਜਰ ਹੋਣਗੇ।
2. ਉਪਰੋਕਤ ਕਾਲਮ ਜੋ ਕੱਟ ਆਫ ਮੈਰਿਟ ਦਰਸਾਈ ਗਈ ਹੈ, ਉਹ ਸਿਰਫ ਪੇਪਰ-2 ਦੇ ਨੰਬਰਾਂ ਅਨੁਸਾਰ ਹੈ। ਇਸ ਵਿੱਚ ਪੇਪਰ-1 ਦਾ ਕੋਈ ਨੰਬਰ ਜੋੜਿਆ ਨਹੀ ਗਿਆ।
3. ਇਸ ਨੋਟਿਸ ਨਾਲ ਯੋਗ ਉਮੀਦਵਾਰਾਂ ਦੀ ਲਿਸਟ ਨੱਥੀ ਕੀਤੀ ਜਾਂਦੀ ਹੈ। ਇਸ ਲਿਸਟ ਵਿੱਚ ਦਰਸਾਏ ਉਮੀਦਵਾਰਾਂ ਨੂੰ ਹੀ ਉਪਰੋਕਤ ਸਡਿਊਲ ਅਨੁਸਾਰ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।
4. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਨਿੱਜੀ ਪੱਧਰ ਤੇ ਹਾਜਰ ਹੋਣਾ ਯਕੀਨੀ ਬਣਾਉਣਗੇ।
5. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਹ ਨਿਯੁਕਤੀ ਦਾ ਹੱਕਦਾਰ ਹੈ।
6. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈੱਕ ਕੀਤੇ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
7. ਸਕਰੂਟਨੀ ਦੌਰਾਨ ਅਸਲ ਦਸਤਾਵੇਜ/ਸਰਟੀਫਿਕੇਟ ਵਿਭਾਗ ਵੱਲੋਂ ਗਠਿਤ ਕੀਤੀ ਗਈ ਕਮੇਟੀਆਂ ਕੋਲ਼ ਚੈਕ ਕਰਵਾਉਣਾ ਅਤਿ ਜਰੂਰੀ ਹੈ। ਦਸਤਾਵੇਜ/ਸਰਟੀਫਿਕੇਟ ਚੈੱਕ ਨਾ ਕਰਵਾਉਣ ਦੀ ਸੂਰਤ ਵਿੱਚ ਜਾਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਨਾਂ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।
8. ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਪੁਲਿਸ ਕੇਸ ਮੌਕੇ ਤੇ ਹੀ ਦਰਜ ਕਰਵਾਇਆ ਜਾਵੇਗਾ।
9. ਸਕਰੂਟਨੀ ਦੌਰਾਨ ਜੇਕਰ ਸਕਰੂਟਨੀ ਕਮੇਟੀ ਵੱਲੋਂ ਕਿਸੇ ਉਮੀਦਵਾਰ ਕੋਲ ਕੋਈ ਹੋਰ ਦਸਤਾਵੇਜ ਦੀ ਮੰਗ ਕੀਤੀ ਜਾਂਦੀ ਹੈ ਤਾਂ ਤਾਂ ਉਸਨੂੰ ਉਸਦੀ ਸਕਰੂਟਨੀ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰਅੰਦਰ ਜਮ੍ਹਾ ਕਰਵਾਉਣਾ ਹੋਵੇਗਾ। ਜੇਕਰ ਉਮੀਦਵਾਰ ਇਸ ਸਮੇਂ- ਦੌਰਾਨ ਆਪਣਾ ਦਸਤਾਵੇਜ ਜਮ੍ਹਾ ਨਹੀਂ ਕਰਵਾਉਂਦਾ ਤਾਂ ਉਸ ਵੱਲੋਂ ਜਮ੍ਹਾ ਕਰਵਾਏ ਗਏ ਦਸਤਾਵੇਜਾਂ ਦੇ ਆਧਾਰ ਤੇ ਉਸਦੀ ਪਾਤਰਤਾ ਦਾ ਫੈਸਲਾ ਕਰ ਦਿੱਤਾ ਜਾਵੇਗਾ।

13/07/23

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

# ਵਿਦਿਅਕ ਯੋਗਤਾ ਸਬੰਧੀ ਸਵੈ- ਘੋਸ਼ਣਾ / ਤਸਦੀਕੀ ਪੱਤਰ

1. ਮੈਂ---------------------------------- ਸਪੁੱਤਰ/ਸਪੁੱਤਰੀ ਸ਼੍ਰੀ------------------- ਵਾਸੀ----------

------------------------------ ਦੀ ਰਹਿਣ ਵਾਲਾ/ ਵਾਲੀ ਹਾਂ।

2. ਇਹ ਕਿ ਮੈਂ ਸਿੱਖਿਆ ਵਿਭਾਗ ਵੱਲੋਂ ਦਿੱਤੇ ਵਿਗਿਆਪਨ ਅਨੁਸਾਰ ਰਜਿਸ਼ਟ੍ਰੇਸ਼ਨ ਨੰਬਰ---------------------

ਐਪਲੀਕੇਸ਼ਨ ਨੰਬਰ --------------------------- ਅਧੀਨ -------------------- ਦੀ ਅਸਾਮੀ ਲਈ

------------------------- ਕੈਟਾਗਰੀ ਵਿੱਚ ਅਪਲਾਈ ਕੀਤਾ ਸੀ।

3. ਇਹ ਹੈ ਕਿ ਮੈਂ ਸਬੰਧਤ ਪੋਸਟ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ ਕਰਦੀ ਹਾਂ ਅਤੇ ਮੇਰੇ ਵੱਲੋਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਪ੍ਰਾਪਤ ਵਿਦਿਅਕ ਯੋਗਤਾਵਾਂ ਹੇਠ ਲਿਖੇ ਅਨੁਸਾਰ-

ਇਹ ਕਿ ਮੈਂ ਉਕਤ ਅਸਾਮੀ ਲਈ ਹੇਠ ਦਰਸਾਈਆਂ ਮੁੱਢਲੀਆਂ ਯੋਗਤਾਵਾਂ ਪਾਸ ਕੀਤੀਆਂ ਹਨ-

| ਲੜੀ ਨੰ. | ਵਿਦਿਅਕ ਯੋਗਤਾ | ਯੂਨੀਵਰਸਿਟੀ/ ਬੋਰਡ ਦਾ ਨਾਮ | ਵਿਦਿਅਕ ਸ਼ੈਸ਼ਨ | ਸੰਸਥਾ ਦਾ ਨਾਮ ( ਕੀ ਇਹ ਸੰਸਥਾ ਯੂਨੀਵਰਸਿਟੀ ਨਾਲ ਐਫੀਲੀਏਟਡ ਜਾਂ ਉਸ ਦਾ ਕੰਸਟੀਚੂਐਂਟ ਵਿੰਗ ਹੈ ? | ਰੈਗਲਰ ਡਿਸਟੈਂਸ/ ਪ੍ਰਾਈਵੇਟ ਪੱਤਰ ਵਿਹਾਰ ਰਾਹੀ | ਯੂਨੀਵਰਸਿਟੀ/ ਸਟੱਡੀ ਸੈਂਟਰ/ ਸੰਸਥਾ ਦਾ ਨਾਂ ਅਤੇ ਪਤਾ ਜਿਥੇ PCP's ਲਗਾਏ ਗਏ | ਪ੍ਰੀਖਿਆ ਕੇਂਦਰ ਦਾ ਨਾਂ ਅਤੇ ਥਾਂ ( ਕੀ ਇਹ ਵਿਸ਼ੇਸ ਕੇਂਦਰ ਸੀ) | ਸ਼ੈਸ਼ਨ ਦੌਰਾਨ ਰਿਹਾਇਸ਼ ਦਾ ਪੂਰਾ ਵੇਰਵਾ | ਵਿਸ਼ੇਸ਼ ਕਥਨ |
|---|---|---|---|---|---|---|---|---|---|
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |

(ਬਿਆਨ ਕਰਤਾ)

ਪਰਤੋਂ------

ਇਹ ਕਿ ਮੈਂ ਹੇਠ ਲਿਖਿਆ ਉੱਚ ਵਿਦਿਅਕ ਯੋਗਤਾਵਾਂ ਪ੍ਰਾਪਤ ਕੀਤੀਆਂ ਹਨ-

| ਲੜੀ ਨੰ. | ਵਿਦਿਅਕ ਯੋਗਤਾ | ਯੂਨੀਵਰਸਿਟੀ/ ਬੋਰਡ ਦਾ ਨਾਮ | ਵਿਦਿਅਕ ਸ਼ੈਸ਼ਨ | ਸੰਸਥਾ ਦਾ ਨਾਮ ( ਕੀ ਇਹ ਸੰਸਥਾ ਯੂਨੀਵਰਸਿਟੀ ਨਾਲ ਐਫੀਲੀਏਟਡ ਜਾਂ ਉਸ ਦਾ ਕੰਸਟੀਚੂਐਂਟ ਵਿੰਗ ਹੈ ? | ਰੈਗਲਰ ਡਿਸਟੈਂਸ/ ਪ੍ਰਾਈਵੇਟ ਪੱਤਰ ਵਿਹਾਰ ਰਾਹੀ | ਯੂਨੀਵਰਸਿਟੀ/ ਸਟੱਡੀ ਸੈਂਟਰ/ ਸੰਸਥਾ ਦਾ ਨਾਂ ਅਤੇ ਪਤਾ ਜਿਥੇ PCP's ਲਗਾਏ ਗਏ | ਪ੍ਰੀਖਿਆ ਕੇਂਦਰ ਦਾ ਨਾਂ ਅਤੇ ਥਾਂ ( ਕੀ ਇਹ ਵਿਸ਼ੇਸ ਕੇਂਦਰ ਸੀ) | ਸ਼ੈਸ਼ਨ ਦੌਰਾਨ ਰਿਹਾਇਸ਼ ਦਾ ਪੂਰਾ ਵੇਰਵਾ | ਵਿਸ਼ੇਸ਼ ਕਥਨ |
|---|---|---|---|---|---|---|---|---|---|
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |

ਉਮੀਦਵਾਰ ਵੱਲੋਂ ਹੇਠ ਲਿਖੇ ਪ੍ਰਸ਼ਨ ਨੰ 1 ਤੋਂ 6 ਤੱਕ Open Distance Learning Programme ਰਾਹੀ ਪ੍ਰਾਪਤ ਡਿਗਰੀ ਸਬੰਧੀ ਉੱਤਰ ਸ਼ਪੱਸ਼ਟ ਅਤੇ ਸਬੂਤ ਸਮੇਤ ਦਿੱਤੇ ਜਾਣ –

ਪ੍ਰਸ਼ਨ 1. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾਂ ਤੋਂ ODL Programme ਰਾਹੀਂ ਡਿਗਰੀ ਹਾਸਲ ਕੀਤੀ ਹੈ ਕੀ ਉਸ ਯੂਨੀਵਰਸਿਟੂ / ਸੰਸਥਾ ਦੇ Act & Statute ਵਿੱਚ ODL Programme ਕਰਵਾਉਣ ਦੀ ਪ੍ਰੋਵੀਜ਼ਨ ਹੈ ( ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ।)

ਉੱਤਰ-

(ਬਿਆਨ ਕਰਤਾ)

ਪਰਤੋਂ------

ਪ੍ਰਸ਼ਨ 2. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾ ਤੋਂ ODL Programme ਰਾਹੀਂ ਡਿਗਰੀ ਹਾਸਲ ਕੀਤੀ ਹੈ ਕੀ ਉਸ ਯੂਨੀਵਰਸਿਟੀ/ ਸੰਸਥਾ ਦੇ Act & Statute ਵਿੱਚ ODL Programme ਆਪਣੀ Territorial Jurisdiction ਤੋਂ ਬਾਹਰ Off Campus Study Centre ਰਾਹੀਂ ਕਰਵਾਉਣ ਦੀ ਪ੍ਰੋਵੀਜ਼ਨ ਹੈ ( ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ।)

ਉੱਤਰ-

ਪ੍ਰਸ਼ਨ 3. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾ ਤੋਂ ODL Programme ਰਾਹੀਂ ਡਿਗਰੀ ਹਾਸਲ ਕੀਤੀ ਹੈ ਕੀ ਉਸ ਯੂਨੀਵਰਸਿਟੀ / ਸੰਸਥਾ ਨੇ ਆਪਣੀ Territorial Jurisdiction ਤੋਂ ਬਾਹਰ Off Campus Study ਰਾਹੀ ODL Programme ਕਰਵਾਉਣ ਲਈ U.G.C / D.E.C ਤੋਂ Permission ਲਈ ਹੈ (ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ)

ਉੱਤਰ-

ਪ੍ਰਸ਼ਨ 4. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾ ਤੋਂ ODL Programme ਰਾਹੀਂ ਡਿਗਰੀ ਹਾਸਲ ਕੀਤੀ ਹੈ ਕੀ ਉਮੀਦਵਾਰ ਸਿੱਧਾ ਉਸ ਯੂਨੀਵਰਸਿਟੀ ਵਿੱਚ Enroll ਹੋਇਆ ਹੈ ਜਾਂ ਯੂਨੀਵਰਸਿਟੀ ਨਾਲ ਜੁੜੀ ਕਿਸੀ Franchisee ਦੇ ਰਾਹੀ ( ਸਬੂਤ ਨੱਥੀ ਕੀਤਾ ਜਾਵੇ)

ਉੱਤਰ-

(ਬਿਆਨ ਕਰਤਾ)

ਪਰਤੋਂ------

ਪ੍ਰਸ਼ਨ 5. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾ ਤੋਂ ODL Programme ਰਾਹੀਂ ਟੈਕਨੀਕਲ / ਪ੍ਰੋਫੈਸ਼ਨਲ (ਬੀ. ਐਡ., ਈ.ਟੀ.ਟੀ) ਕੋਰਸ ਡਿਗਰੀ ਹਾਸਲ ਕੀਤੀ ਹੈ ਕਿ ਉਸ ਯੂਨੀਵਰਸਿਟੀ ਟੈਕਨੀਕਲ ਕੋਰਸ ਕਰਵਾਉਣ ਲਈ AICTE ਅਤੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਕਰਵਾਉਣ ਲਈ N.C.T.E ਤੋਂ ਨਾਰਮ ਦੇ ਆਧਾਰ ਤੇ Permission ਲਈ ਹੈ (ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ।)

ਉੱਤਰ-

ਪ੍ਰਸ਼ਨ 6. ਉਮੀਦਵਾਰ ਨੇ ਜਿਸ ਯੂਨੀਵਰਸਿਟੀ / ਸੰਸਥਾ ਤੋਂ ODL Programme ਰਾਹੀਂ ਟੈਕਨੀਕਲ / ਪ੍ਰੋਫੈਸ਼ਨਲ (ਬੀ. ਐਡ., ਈ.ਟੀ.ਟੀ) ਕੋਰਸ ਡਿਗਰੀ ਹਾਸਲ ਕੀਤੀ ਹੈ ਕਿ ਉਸ ਯੂਨੀਵਰਸਿਟੀ ਨੇ ਟੈਕਨੀਕਲ ਕੋਰਸ Franchisee ਦੇ ਰਾਹੀ Territorial Jurisdiction ਤੋਂ ਬਾਹਰ Study Centre / Exam Centre ਬਣਵਾਉਣ AICTE ਜਾਂ N.C.T.E ਤੋਂ Permission ਲਈ ਹੈ (ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ।)

ਉੱਤਰ-

ਮੈਂ ਇਹ ਤਸਦੀਕ ਕਰਦਾ/ ਕਰਦੀ ਹਾਂ ਕਿ ਵਿਦਿਅਕ ਯੋਗਤਾਵਾਂ ਸਬੰਧੀ ਉਕਤ ਦਿੱਤੀ ਸੂਚਨਾ ਸਹੀ ਅਤੇ ਦਰੁਸਤ ਹੈ। ਇਸ ਸੂਚਨਾ ਵਿੱਚ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ । ਜੇਕਰ ਮੇਰੇ ਵੱਲੋਂ ਦਿੱਤੀ ਗਈ ਕੋਈ ਸੂਚਨਾ ਕਿਸੇ ਵੀ ਸਟੇਜ ਤੇ ਗਲਤ ਪਾਈ ਜਾਂਦੀ ਹੈ ਤਾਂ ਇਸ ਦਾ / ਦੀ ਜਿੰਮੇਵਾਰ ਮੈਂ ਖੁਦ ਹੋਵਾਗਾਂ/ ਹੋਵਾਗੀ ਅਤੇ ਇਸ ਸਬੰਧੀ ਜੋ ਵੀ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਬਣਦੀ ਹੋਵੇਗੀ ਉਸਦਾ / ਉਸਦੀ ਮੈਂ ਖੁਦ ਹੀ ਜਿੰਮੇਵਾਰ ਹੋਵਾਗਾ / ਹੋਵਾਗੀ।

(ਬਿਆਨਕਰਤਾ)

ਤਸਦੀਕੀ:-

ਮੈਂ ਬਿਆਨ ਕਰਦਾ / ਕਰਦੀ ਹੈ ਕਿ ਉਪਰੋਕਤ ਹਲਫੀਆ ਬਿਆਨ ਸਹੀਂ ਵਾ ਦਰੁਸਤ ਹੈ ਅਤੇ ਮੇਰੇ ਵੱਲੋਂ ਇਸ ਵਿੱਚ ਕੁਝ ਵੀ ਲੁਕਾਇਆ ਜਾਂ ਛੁਪਾਇਆ ਨਹੀਂ ਗਿਆ ਹੈ।

ਮਿਤੀ-

(ਬਿਆਨਕਰਤਾ)